THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀਐਸਬੀਟੀਈ/ਆਈ.ਟੀ/2015/ ਮਿਤੀ: -2-15

ਸੇਵਾ ਵਿਖੇ,

ਪ੍ਰਿੰਸੀਪਲ,
ਪੰਜਾਬ ਰਾਜ ਅਧੀਨ
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ।

ਵਿਸ਼ਾ: **ਡੀ.ਜੀ.ਈ ਅਤੇ ਟੀ, ਨਵੀਂ ਦਿੱਲੀ ਦੇ ਐਮ.ਆਈ.ਐਸ ਰਾਹੀਂ ਪ੍ਰਾਪਤ Hall Ticket ਜਾਰੀ ਕਰਨ ਸਬੰਧੀ ਜ਼ਰੂਰੀ ਹਦਾਇਤਾਂ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦਸਿਆ ਜਾਂਦਾ ਹੈ ਕਿ ਬੋਰਡ ਵੱਲੋਂ ਆਈ.ਟੀ.ਆਈ ਸੰਸਥਾਵਾਂ ਦੇ ਪਹਿਲੇ ਸਮੈਸਟਰ ਦੇ ਸਿਖਿਆਰਥੀ ਜਿਹਨਾਂ ਦੀ ਪ੍ਰੀਖਿਆ ਫਰਵਰੀ 2015 ਸੀ.ਟੀ.ਐਸ ਸਕੀਮ ਅਧੀਨ ਹੋ ਰਹੀ ਹੈ, ਦੇ ਰੋਲ ਨੰਬਰ ਵੈਬਸਾਇਟ ਤੇ ਪਾਏ ਜਾ ਰਹੇ ਹਨ। ਪ੍ਰਿੰਸੀਪਲ/ਸੰਸਥਾ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਸਿਖਿਆਰਥੀਆਂ ਦੇ ਰੋਲ ਨੰਬਰ ਪ੍ਰਿੰਟ ਕਰਨ ਉਪਰੰਤ ਜਾਰੀ ਕਰਨ ਸਮੇਂ ਹੇਠ ਲਿਖਿਆਂ ਜ਼ਰੂਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ:

1. ਸਿਖਿਆਰਥੀਆਂ ਦੀਆਂ ਡੀ.ਜੀ.ਈ ਅਤੇ ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ।
2. ਸਿਖਿਆਰਥੀ ਵੱਲੋਂ ਪ੍ਰੀਖਿਆ ਫਾਰਮ ਅਤੇ ਫੀਸ ਭਰੀ ਗਈ ਹੋਵੇ ਅਤੇ ਬੋਰਡ ਦਫਤਰ ਵਿਖੇ ਜਮਾਂ ਕਰਵਾਈ ਗਈ ਹੋਵੇ।
3. ਰੋਲ ਨੰਬਰ ਸਲਿੱਪ ਤੇ ਸਿਖਿਆਰਥੀ ਦੀ ਫੋਟੋ ਪ੍ਰਿੰਸੀਪਲ ਦੁਆਰਾ ਤਸਦੀਕ ਕੀਤੀ ਜਾਵੇ। ਰੋਲ ਨੰਬਰ(Hall Ticket) ਸਲਿੱਪ ਤੇ ਸਿਖਿਆਰਥੀ ਦਾ ਬੋਰਡ ਦੁਆਰਾ ਜਾਰੀ ਪੂਰਾ ਰਜਿਸਟਰੇਸ਼ਨ ਨੰਬਰ ਲਿਖਿਆ ਜਾਵੇ।
4. ਸਿਖਿਆਰਥੀ ਨੂੰ ਫੋਟੋ ਸਮੇਤ ਜਾਰੀ ਕੀਤੇ ਰੋਲ ਨੰਬਰ ਦੀ ਫੋਟੋਕਾਪੀ ਦਾ ਰਿਕਾਰਡ ਬੋਰਡ ਦਫਤਰ ਵਿਖੇ ਟਰੇਡ ਅਨੁਸਾਰ ਫਾਇਲ ਬਣਾ ਕੇ ਸਮਾਨ ਨਾਲ ਜਮਾਂ ਕਰਵਾਇਆ ਜਾਵੇ।

ਸੰਸਥਾ ਮੁੱਖੀ ਇਹ ਯਕੀਨੀ ਬਣਾਉਣ ਕਿ ਕਿਸੇ ਵੀ ਉਸ ਵਿਦਿਆਰਥੀ ਦਾ ਰੋਲ ਨੰਬਰ ਜਾਰੀ ਨਾ ਹੋਵੇ ਜਿਸ ਦੀਆਂ ਹਾਜ਼ਰੀਆਂ ਪੂਰੀਆਂ ਨਹੀਂ ਹਨ ਅਤੇ ਸੰਸਥਾ ਨੇ ਉਸ ਸਿਖਿਆਰਥੀ ਦੀ ਪ੍ਰੀਖਿਆ ਫੀਸ ਬੋਰਡ ਦਫਤਰ ਵਿਖੇ ਨਹੀਂ ਭਰੀ ਹੈ, ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਲੀਗਲ ਕਾਰਵਾਈ ਦੀ ਜਿੰਮੇਵਾਰੀ ਸੰਸਥਾ ਮੁੱਖੀ ਦੀ ਹੋਵੇਗੀ ਅਤੇ ਬੋਰਡ ਵੱਲੋਂ ਨਤੀਜਾ ਰੋਕ ਲਿਆ ਜਾਵੇਗਾ।

14/2/15

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)